ਗੁਰਚਰਨਜੀਤ ਸਿੰਘ ਲਾਂਬਾ

# ਜਨਮ-ਸਾਖੀ ਸ੍ਰੀ ਹਰਿਮੰਦਰ ਜੀ ਕੀ



**ਸੋ** ਇਕ ਗੱਲ ਬਿਲਕੁਲ ਸਾਫ਼ ਹੈ ਚੂੰਕਿ ਮੈਂ ਕੇਵਲ ਹਰੀ ਦਾ ਹੀ ਮੰਦਿਰ ਹਾਂ, ਮੇਰੀ ਗੋਦੀ ਵਿੱਚ ਕੇਵਲ ਅਤੇ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਭਾਈ ਗੁਰਦਾਸ ਦੀਆਂ ਵਾਰਾਂ ਜਾਂ ਭਾਈ ਨੰਦ ਲਾਲ ਦੀਆਂ ਗ਼ਜ਼ਲਾਂ ਹੀ ਗਾਈਆਂ ਜਾ ਸਕਦੀਆਂ ਹਨ। ਉਹਨਾਂ ਰੱਬ ਰੱਤੇ ਭਗਤਾਂ ਤੇ ਫ਼ਕੀਰਾਂ ਜਿਹਨਾਂ ਨੂੰ ਸਮਾਜ ਨੀਚ, ਮਲੇਛ ਕਹਿ ਕੇ ਦੁਰਕਾਰਦਾ ਸੀ, ਜ੍ਹਿਨਾਂ ਲਈ ਧਰਮ ਮੰਦਿਰ ਤੇ ਵਿਦਿਆ ਮੰਦਿਰ ਦੇ ਦਰਵਾਜ਼ੇ ਕਦੀ ਖੁੱਲੇ ਹੀ ਨਹੀਂ ਸਨ, ਉਹਨਾਂ ਵੱਲੋਂ ਵੀ ਗਾਈ ਰੱਬੀ ਉਸਤਤਿ ਨੂੰ ਨਾ ਕੇਵਲ ਸਨਮਾਨਿਤ ਹੀ ਕੀਤਾ ਬਲਿਕ ਉਸ ਨੂੰ ਵੀ ਗੁਰਬਾਣੀ ਦਾ ਦਰਜਾ ਦੇ ਦਿੱਤਾ। ਗੁਰੂ ਕੇਵਲ ਗਰੀਬੁਲ ਨਿਵਾਜ ਹੀ ਨਹੀਂ ਗੁਰੂ ਗਰੀਬੁਲ ਪ੍ਰਸਤੇ ਵੀ ਹੈ। ਪਾਰਸ ਤਾਂ ਲੋਹੇ ਨੂੰ ਸੋਨਾ ਹੀ ਬਣਾਉਂਦਾ ਹੈ ਪਾਰਸ ਨਹੀਂ ਪਰ ਗੁਰੂ ਤਾਂ ਅਜਿਹਾ ਪਾਰਸ ਹੈ, ਜਿਸ ਨੂੰ ਛੋਹ ਦੇਵੇ, ਉਸ ਨੂੰ ਆਪਣਾ ਰੂਪ ਬਣਾ ਕੇ ਆਪਣੇ ਵਿੱਚ ਅਭੇਦ ਹੀ ਕਰ ਦਿੰਦਾ ਹੈ।

ਆਦਿ ਗੁਰੂ, ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਰਾਗ ਦਾ ਮਕਸਦ ਰਾਗ ਰੰਗ ਹੋ ਚੁੱਕਾ ਸੀ, ਜਿਸ ਕਾਰਨ ਇਸਲਾਮ ਦੇ ਪੈਰੋਕਾਰਾਂ ਨੇ ਇਸ ਨੂੰ ਹਰਾਮ ਦਾ ਦਰਜਾ ਦੇ ਦਿੱਤਾ ਸੀ। ਬਾਬਾ ਜੀ ਨੇ ਖ਼ਲਕਤ ਨੂੰ ਸਮਝਾਇਆ ਕਿ ਸੰਗੀਤ ਦਾ ਵਿਗੜਿਆ ਹੋਇਆ ਰੂਪ ਤਾਂ ਮਾੜਾ ਹੋ ਸਕਦਾ ਹੈ ਪਰ ਕੇਵਲ ਸੰਗੀਤ ਵਰਗੀ ਕੋਮਲ ਕਲਾ ਨੂੰ ਹੀ ਨਿੰਦ ਦੇਣਾ ਇਸਲਾਮ ਦਾ ਉਪਦੇਸ਼ ਨਹੀਂ, ਆਪਣੇ ਆਪ ਨੂੰ ਇਸਲਾਮ ਦੇ ਪੈਰੋਕਾਰ ਕਹਿਣ ਵਾਲਿਆਂ ਦਾ ਵਿਚਾਰ ਹੋ ਸਕਦਾ ਹੈ। ਕੋਈ ਵੀ ਵਿਗੜੀ ਹੋਈ ਵਸਤੂ ਨੁਕਸਾਨਦੇਹ ਹੋ ਨਿਬੜਦੀ ਹੈ। ਤਰੱਕੇ ਹੋਏ ਅੰਗੂਰ ਜਾਂ ਧਰਮ ਦਾ ਵਿਗੜਿਆ ਹੋਇਆ ਰੂਪ ਤਾਂ ਨਿਸ਼ਚਿਤ ਤੌਰ 'ਤੇ ਖ਼ਰਾਬ ਹੈ ਪਰ ਇਸਦਾ ਹੱਲ ਅੰਗੂਰਾਂ ਦੇ ਬਾਗ਼ਾਤ ਜਾਂ ਧਰਮ ਨੂੰ ਹੀ ਨੇਸਤੋ ਨਾਬੂਦ ਕਰ ਦੇਣਾ ਤਾਂ ਨਹੀਂ। ਸੋ ਉਸ ਅਗੰਮੀ ਰਬਾਬੀ ਨੇ ਵੀ ਭਾਈ ਮਰਦਾਨੇ ਨੂੰ ਬਚਨ ਕੀਤਾ ਸੀ ਕਿ ਰਬਾਬ ਵਿੱਚ ਸ਼ਬਦ ਪਾ ਕੇ ਗਾਇਨ ਕਰ ਤੇਰਾ ਦੀਨ ਦੁਨੀ ਦੋਨੋਂ ਹੀ ਸੰਵਰ ਜਾਏਗਾ। ਬਾਬਾ ਜੀ ਨੇ ਕੀਰਤਨ ਨੂੰ ਰੱਬ ਨਾਲ ਜੋੜਨ ਦਾ ਇਕ ਜ਼ਰੀਆ ਬਣਾ ਦਿੱਤਾ। ਇਥੇ ਹੋ ਰਹੇ ਇਲਾਹੀ ਕੀਰਤਨ ਦਾ ਆਨੰਦ ਮਾਨਣ ਦਾ ਮੌਕਾ ਰਬਿੰਦਰ ਨਾਥ ਟੈਗੋਰ ਨੂੰ ਵੀ ਮਿਲਿਆ। ਕੋਮਲ ਕਲਾਵਾਂ ਦੇ ਧਨੀ ਅਤੇ ਰਬਿੰਦਰ ਸੰਗੀਤ ਦੇ ਜਨਮਦਾਤਾ ਟੈਗੋਰ ਨੂੰ ਇਹ ਕੀਰਤਨ ਵਿੰਨ੍ਹ ਗਿਆ ਤੇ ਉਸ ਨੇ ਗੁਰੂ ਘਰ ਦੇ ਕੀਰਤਨੀਆਂ ਨੂੰ ਆਪਣੇ ਨਾਲ ਸ਼ਾਂਤੀ ਨਿਕੇਤਨ ਲੈ ਜਾਣ ਦੀ ਪੇਸ਼ਕਸ਼ ਕੀਤੀ ਪਰ ਜੋ ਮੇਰਾ ਹੋ ਚੁੱਕਾ ਹੈ, ਮੇਰੇ ਅਤੇ ਉਸ ਵਿੱਚ ਅੰਤਰ ਤਾਂ ਮੁਕ ਹੀ ਜਾਂਦਾ ਹੈ। ***ਸਿਰੀ ਰਾਗ ॥ ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ ਕਨਿਕ ਕਟਿਕ ਜਲ ਤਰੰਗ ਜੈਸਾ ॥੧॥'*** *(93)* ਉਹ ਹਰੀ ਦਾ ਕੀਰਤਨ ਛੱਡ ਕੇ ਕੇਵਲ ਸੰਗੀਤ ਨਾਲ ਕਿਵੇਂ ਜੁੜ ਸਕਦਾ ਹੈ।

ਮੈਂ ਚੂੰਕਿ ਕੀਰਤਨ ਦਾ ਘਰ ਹੀ ਨਹੀਂ ਬਲਕਿ ਗੁਰਬਾਣੀ ਕੀਰਤਨ ਦਾ ਘਰਾਣਾ ਹਾਂ ਜਿੱਥੋਂ ਕੀਰਤਨ ਦਾ ਚਸ਼ਮਾ ਨਿਰੰਤਰ ਫੁਟ ਰਿਹਾ ਹੈ, ਸੋ ਮੇਰੀ ਕੁਦਰਤੀ ਇੱਛਾ ਇਹ ਜ਼ਰੂਰ ਹੈ ਕਿ ਗੁਰਬਾਣੀ ਦਾ ਉਨ੍ਹਾਂ ਨਿਰਧਾਰਿਤ ਰਾਗਾਂ ਵਿੱਚ ਹੀ ਗਾਇਨ ਹੋਵੇ ਜਿਨ੍ਹਾਂ ਵਿੱਚ ਉਚਾਰਣ ਕੀਤੀ ਗਈ ਹੈ। ਮੇਰੇ ਰਬਾਬੀ ਭਾਈ ਸੱਤਾ ਤੇ ਬਲਵੰਡ ਜਦੋਂ ਕੀਰਤਨ ਕਰਨ ਤੋਂ ਇਨਕਾਰੀ ਹੋ ਗਏ ਸਨ ਤਾਂ ਸੰਗਤ ਨੇ ਖ਼ੁਦ ਹੀ ਵਾਹਿਗੁਰੂ ਦੀ ਕੀਰਤੀ ਗਾਈ ਸੀ। ਤਾਂਹੀਓ ਤਾਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਕਿਹਾ ਸੀ ਕਿ ਤੂੰ ਰਬਾਬ ਭਲੀ ਵਜਾਉਂਦਾ ਹੈਂ, ਜੇ ਇਸ ਵਿੱਚ ਸ਼ਬਦ ਪਾ ਕੇ ਗਾਵੇਂ ਤਾਂ ਦੀਨ ਦੁਨੀ ਦੋਨੋਂ ਹੀ ਸਵਰਨਗੇ। ਸੋ ਸਮਝ ਲੈਣਾ ਚਾਹੀਦਾ ਹੈ ਕਿ ਕੇਵਲ ਰਾਗ ਹੀ ਨਿਸ਼ਾਨਾ ਨਹੀਂ ਹੈ

ਬਲਕਿ ਕਰਤਾ-ਪੁਰਖ਼ ਵੱਲੋਂ ਕੀਰਤਨ ਦੀ ਬਖ਼ਸ਼ਿਸ਼ ਅਸਲ ਵਿੱਚ ਉਸ ***ਸਾਬਤ ਸੂਰਤ ਦਸਤਾਰ ਸਿਰਾ'*** ਅਤੇ ***ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਸੋਹਣੇ ਨੱਕ ਜਿਨ ਲੰਮੜੇ ਵਾਲਾ।*** (ਵਡਹੰਸ ਮ.੧, ਪੰਨਾ੧੫੬੭) ਵਾਲੇ ਹੁਸਨਲ-ਜਮਾਲ ਮੋਹਨ ਨਾਲ ਜੁੜਨਾ ਹੈ। ਜੇ ਗਾਇਨ ਕਰਨ ਵਾਲਾ ਆਪ ਹੀ ਦੀਦਾਰੀ ਤੌਰ 'ਤੇ ਵੀ ਨਹੀਂ ਜੁੜਿਆ, ਜਿਸ ਨੇ ਹਰਿਮੰਦਰ ਰੂਪੀ ਸਰੀਰ ਨੂੰ ਭੰਨਣ ਦੀ ਬੇਈਮਾਨੀ ਕੀਤੀ ਹੈ, ਉਸਦਾ ਕੀਰਤਨ ਗਾਇਨ ਆਪਣੇ ਲਈ ਤਾਂ ਮੁਬਾਰਕ ਹੈ ਪਰ ਸੰਗਤਾਂ ਨੂੰ ਕੀਰਤਨ ਰਾਹੀਂ ਉਪਦੇਸ਼ ਦੇਣਾ ਮਰਿਯਾਦਾ ਦੀ ਘੋਰ ਨਿਰਾਦਰੀ ਹੈ। ਇਹ ਘੱਟੋ-ਘੱਟ ਮੈਨੂੰ ਤਾਂ ਪ੍ਰਵਾਨ ਨਹੀਂ। ਸੰਗਤ ਵਿੱਚ ਕੀਰਤਨੀਆਂ ਗੁਰੂ ਦਾ ਪ੍ਰਤੱਖ ਨੁਮਾਇੰਦਾ ਹੀ ਹੋਣਾ ਸੋਭਦਾ ਹੈ।

ਮੇਰਾ ਸਾਹਿਬ ਤਾਂ ***'ਰਾਜ਼ਕ ਰਹਿੰਦ ਹੈ ਕਿ ਰੋਜ਼ੀ ਦਹਿੰਦ ਹੈ'*** ਅਤੇ ਅਕਿਰਤਘਣਾਂ ਦਾ ਵੀ ਪਾਲਣਹਾਰ ਹੈ, ਪਰ ਕਿੰਨੀ ਅਜੀਬ ਜਿਹੀ ਗੱਲ ਹੈ ਕਿ ਰੱਬ ਦੀ ਹੋਂਦ ਤੋਂ ਹੀ ਮੁਨਕਰ ਅਜਿਹੀ ਰਾਏ ਦੇਣ ਵਾਲੇ ਮੰਦ ਅਕਲ-ਅਕਲਮੰਦ ਵੀ ਆਏ ਜਿਹਨਾਂ ਨੇ ਮੇਰੇ ਪਾਵਨ ਸਰੋਵਰ ਵਿੱਚ ਝੋਨਾ ਬੀਜਣ ਦੀ ਰਾਏ ਦੇਣ ਤੋਂ ਵੀ ਗੁਰੇਜ਼ ਨਾ ਕੀਤਾ।

ਲੰਗਰ ਦੀ ਇਮਾਰਤ ਵਾਲੇ ਪਾਸੇ ਦੋ ਆਲੀਸ਼ਾਨ ਮੀਨਾਰ ਦੇਖਦੇ ਹੋ। ਇਹ ਨਿਸ਼ਾਨੀ ਹੈ ਤੁਹਾਡੇ ਬਜ਼ੁਰਗਾਂ ਵੱਲੋਂ 3 ਮਾਰਚ 1783 ਨੂੰ ਦਿੱਲੀ ਫ਼ਤਹਿ ਕਰਨ ਉਪਰੰਤ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਝੁਲਾਉਣ ਦੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਇਸ ਯਾਦ ਵਜੋਂ ਇਹ ਦੋ ਬੁੰਗੇ ਤਿਆਰ ਕਰਵਾਏ। ਅੱਜਕੱਲ ਇਹਨਾਂ ਬੁੰਗਿਆਂ ਦੀ ਮੁਰੰਮਤ ਦਾ ਕਾਰਜ ਅਰੰਭਿਆ ਹੈ। ਦੁਨੀਆਂ ਦੇ ਦਾਨਿਸ਼ਵਰ ਆਪਣੀ ਪੁਰਾਣੀ ਵਿਰਾਸਤ ਨੂੰ ਉਸੇ ਰੂਪ ਵਿੱਚ ਸਾਂਭ-ਸਾਂਭ ਰੱਖਦੇ ਹਨ ਤਾਂ ਕਿ ਆਉਣ ਵਾਲੀਆਂ ਨਸਲਾਂ ਘੱਟੋ-ਘੱਟ ਕਲਪਨਾ ਰਾਹੀਂ ਹੀ ਆਪਣੇ ਅਮੀਰ ਵਿਰਸੇ ਨਾਲ ਜੁੜ ਸਕਣ। ਪੀਰ ਬੁੱਧੂ ਸ਼ਾਹ ਨੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਕੰਘੇ ਵਿੱਚ ਲੱਗੇ ਪਾਵਨ ਕੇਸ ਸਾਂਭ ਕੇ ਰੱਖੇ, ਕੀ ਉਸਦੀ ਕੋਈ ਕੀਮਤ ਲਗਾ ਸਕਦਾ ਹੈ। ਜਲਿਆਂ ਵਾਲੇ ਬਾਗ਼ ਵਿੱਚ ਲੱਗੇ ਡਾਇਰ ਦੀਆਂ ਕਰਤੂਤਾਂ ਦੇ ਧੱਬੇ, ਉਹ ਗੋਲੀਆਂ ਦੇ ਨਿਸ਼ਾਨ ਅਜੇ ਸਾਂਭੇ ਪਏ ਹਨ। ਨਨਕਾਣਾ ਸਾਹਿਬ ਦੀ ਉਹ ਜੰਡ ਜਿਸ ਨਾਲ ਭਾਈ ਲਛਮਣ ਸਿੰਘ ਨੂੰ ਬੰਨ੍ਹ ਕੇ ਸਾੜਿਆ ਗਿਆ ਸੀ, ਉਹ ਅਜੇ ਖੜ੍ਹੀ ਹੈ। ਸ਼ਾਇਦ ਇਸ ਕਰਕੇ ਕਿ ਤੁਹਾਡੀ ਪਹੁੰਚ ਤੋਂ ਬਾਹਰ ਹੈ। ਪਿੱਛੇ ਜਿਹੇ ਜਦੋਂ ਬਰਲਿਨ ਦੀ ਦੀਵਾਰ ਢਾਹੀ ਗਈ ਤਾਂ ਕੀ ਤੁਹਾਨੂੰ ਪਤਾ ਹੈ ਕਿ ਉਸਦੇ ਟੁਕੜੇ ਪੱਕੀ ਤਰਾਂ ਲੇਮੀਨੇਟ ਕਰਵਾ ਕੇ ਲੋਕਾਂ ਨੇ ਆਪਣੇ ਬੈਠਕ ਖ਼ਾਨਿਆਂ ਵਿੱਚ ਸਜਾਏ ਹਨ। ਮੀਰੀ-ਪੀਰੀ ਦੇ ਉਸ ਪਾਵਨ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਹ ਮੁੱਢਲੀ ਇਮਾਰਤ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਵਨ ਦਸਤੇ ਮੁਬਾਰਕ ਦੀ ਛੋਹ ਦਾ ਮਾਣ ਪ੍ਰਾਪਤ ਸੀ, ਜਿਸ ਦੇ ਚਰਨਾਂ ਦੀ ਛੋਹ ਨਾਲ ਅਣਗਿਣਤ ਸਿੰਘਾਂ ਨੇ ਆਪਣੇ ਮਸਤਕ ਦੀਆਂ ਲਕੀਰਾਂ ਨੂੰ ਸਿੱਧਾ ਕੀਤਾ, ਨੀਲੇ ਘੋੜੇ ਦੀਆਂ ਪੈੜਾਂ ਦੇ ਮਗਰ ਤੁਰਨ ਦਾ ਦਾਅਵਾ ਕਰਨ ਵਾਲਿਓ ਮੇਰੇ ਅਜ਼ੀਜ਼ੋ, ਕੀ ਸਾਕਾ ਨੀਲਾ ਤਾਰਾ ਦੇ ਬਾਅਦ ਤੁਸੀਂ ਉਹ ਮਲਬਾ ਕਹਿ ਕੇ ਸੁੱਟ ਨਹੀਂ ਦਿੱਤਾ? ਅਕਬਰ ਅਲਾਹਾਬਾਦੀ ਦੇ ਲਫ਼ਜ਼ ਇਸ ਗੁਨਾਹੇ ਕਦੀਮ 'ਤੇ ਕਿੰਨੇ ਸਟੀਕ ਢੁੱਕਦੇ ਹਨ।

***ਜੋ ਬਾਤ ਮੁਨਾਸਿਬ ਹੈ ਉਸੇ ਹਾਸਿਲ ਨਹੀਂ ਕਰਤੇ।***
***ਜੋ ਅਪਨੀ ਗਿਰਹ ਮੇਂ ਹੈ ਉਸੇ ਖੋ ਭੀ ਰਹੇ ਹੈਂ।***
***ਬੇ-ਇਲਮ ਭੀ ਹਮ ਲੋਗ ਹੈਂ ਗ਼ਫ਼ਲਤ ਭੀ ਹੈ ਤਾਰੀ।***
***ਅਫ਼ਸੋਸ ਕਿ ਅੰਧੇ ਭੀ ਹੈਂ ਔਰ ਸੋ ਭੀ ਰਹੇ ਹੈਂ।***

ਅਜੇ ਕੋਈ ਬਹੁਤੀ ਰਾਤ ਨਹੀਂ ਜੇ ਬੀਤੀ। ਹੋ ਸਕੇ ਤਾਂ ਹਾਲੇ ਵੀ ਲੱਭ ਲਵੋ, ਉਸ ਮੀਰੀ-ਪੀਰੀ ਦੇ ਮਾਲਕ ਦੇ ਉਜਾੜੇ ਹੋਏ ਘਰ ਦੀਆਂ ਇੱਟਾਂ ਅਤੇ ਰੋਟੇ। ਗੋਲੀਆਂ ਦੇ ਨਿਸ਼ਾਨ ਮਿਟਾ ਦਿੱਤੇ। ਤੁਸੀਂ ਦਰਅਸਲ ਚਿੱਟੇ ਪੇਂਟ ਨਾਲ ਆਪਣੇ ਇਤਿਹਾਸ 'ਤੇ ਕਾਲਖ਼ ਫੇਰੀ ਹੈ।

ਇਸ ਪੱਖੋਂ ਤੁਹਾਡੀ ਅਣਗਹਿਲੀ ਤੋਂ ਹੋ ਰਹੇ ਨੁਕਸਾਨ ਨੂੰ ਆਉਣ ਵਾਲੀਆਂ ਨਸਲਾਂ ਕਦੀ ਵੀ ਮਾਫ਼ ਨਹੀਂ ਕਰਨਗੀਆਂ ਕਿ ਇੰਨੇ ਅਮੀਰ ਵਿਰਸੇ ਵਾਲੀ ਕੌਮ ਆਪਣਾ ਵਿਰਸਾ, ਪੁਰਾਣੀਆਂ ਵਸਤਾਂ, ਇਮਾਰਤਾਂ, ਲਿਖਤਾਂ ਆਦਿ ਜਿਹਨਾਂ ਨੂੰ ਤੁਹਾਡੇ ਗੁਰੂ ਸਾਹਿਬਾਨ ਦੇ ਦਸਤੇ ਮੁਬਾਰਕ, ਪਾਵਨ ਹੱਥਾਂ ਦੀ ਛੋਹ ਪ੍ਰਾਪਤ ਸੀ, ਵੀ ਸੰਭਾਲ ਨ ਸਕੀ। ਦੋ ਮੁਬਾਰਕ ਸਿਰੀ ਸਾਹਿਬਾਂ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਵਿਲਾਇਤ ਵਿੱਚ, ਗੁਰੂ ਨਾਨਕ ਪਾਤਸ਼ਾਹ ਦੀਆਂ ਜਨਮ ਸਾਖੀਆਂ ਵਿਲਾਇਤ ਵਿੱਚ, ਮਹਾਰਾਜਾ ਰਣਜੀਤ ਸਿੰਘ ਦੇ ਸ਼ਸ਼ਤਰ ਕਲਕੱਤੇ ਵਿਕਟੋਰੀਆ ਮੈਮੋਰੀਅਲ ਵਿੱਚ। ਜਿਸ ਮਸੀਤ ਵਿੱਚ ਗੁਰੂ ਨਾਨਕ ਸਾਹਿਬ ਨੇ ਸੱਚੀ ਤੇ ਸਹੀ ਨਮਾਜ਼ ਪੜ੍ਹਨ ਦਾ ਕੌਤਕ ਰਚਿਆ ਉਹ ਵੀ ਤੁਸੀਂ ਢਾਹ ਦਿੱਤੀ। ਕਸ਼ਮੀਰ ਵਿੱਚ ਚਿਨਾਰ ਦਾ ਉਹ ਦਰੱਖ਼ਤ ਜਿਸ ਦੇ ਥੱਲੇ ਗੁਰੂ ਹਰਗੋਬਿੰਦ ਸਾਹਿਬ ਬਿਰਾਜਮਾਨ ਹੋਏ ਸਨ, ਉਹ ਵੀ ਕੱਟ ਦਿੱਤਾ ਗਿਆ। ਸੀਸ ਗੰਜ ਸਾਹਿਬ ਦਿੱਲੀ ਵਿੱਚ ਉਹ ਬੋਹੜ ਦਾ ਦਰੱਖ਼ਤ ਜਿਸ ਦੇ ਥੱਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਗਿਆ, ਉਸ ਨੂੰ ਕੱਟ ਕੇ ਉਸਦਾ ਕੇਵਲ ਮੁੱਢ ਸ਼ੀਸ਼ੇ ਦੇ ਸ਼ੋਅ-ਕੇਸ ਵਿੱਚ ਸਜਾ ਦਿੱਤਾ ਗਿਆ ਹੈ। ਗੋਇੰਦਵਾਲ ਸਾਹਿਬ ਵਿੱਚ ਮਾਤਾ ਭਾਨੀ ਦਾ ਮਿੱਟੀ ਦਾ ਪੁਰਾਤਨ ਚੁੱਲਾ ਸੀ, ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਉਹ ਤੁਸੀਂ ਸੰਗਮਰਮਰ ਦਾ ਬਣਾ ਦਿੱਤਾ। ਕੀ ਕੱਲ ਨੂੰ ਥੋੜ੍ਹਾ ਹੋਰ ਮਾਡਰਨ ਸਿੱਖ ਆਏਗਾ, ਉਹ ਉਸ ਦੀ ਜਗ੍ਹਾ ਮਾਈਕਰੋਵੇਵ ਰੱਖ ਜਾਵੇਗਾ। ਨਾ ਜ਼ਿਕਰ ਕਰੋ ਕਿ ਅਸੀਂ ਸੁੰਦਰੀਕਰਨ ਕਰ ਰਹੇ ਹਾਂ। ਇਹ ਲਫ਼ਜ਼ ਮੇਰੇ ਕੰਨਾਂ ਵਿੱਚ ਵੱਗਦੇ ਵਹਿੰਦੇ ਪਿਘਲੇ ਸੀਸੇ ਵਾਂਗਰ ਵੱਗਦਾ ਹੈ। ਕੀ ਕਹਿਣਾ ਚਾਹੁੰਦੇ ਹੋ ਕਿ ਤੁਹਾਡਾ ਵਿਰਸਾ ਸੁੰਦਰ ਨਹੀਂ। ਸਾਂਭੋ ਆਪਣੇ ਪੁਰਾਤਨ ਵਿਰਸੇ ਨੂੰ, ਸਮਝਣ ਦਿਉ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਕਿ ਕਿਸ ਮਾਹੌਲ ਵਿੱਚ ਵਿਚਰ ਕੇ ਤੁਹਾਡੇ ਬਜ਼ੁਰਗਾਂ ਨੇ ਜੁਗ ਪਲਟਾਊ ਕਾਰਨਾਮੇ ਕੀਤੇ। ਹੈ ਕੋਈ ਪੁਰਾਤਨ ਵਸਤੂ ਜਿਹੜੀ ਤੁਸੀਂ ਸਾਂਭੀ ਹੋਵੇ।

ਬੈਥਲਹੈਮ, ਇਸਰਾਈਲ ਵਿੱਚ ਉਹ ਪਾਵਨ ਭੂਮੀ ਹੈ ਜਿੱਥੇ ਹਜ਼ਰਤ ਈਸਾ ਮਸੀਹ ਨੂੰ ਸੂਲੀ ਚੜ੍ਹਾਇਆ ਗਿਆ ਸੀ, ਈਸਾਈਆਂ ਨੇ ਕਚੀਆਂ ਗਲੀਆਂ, ਮਿੱਟੀ ਦੇ ਮਕਾਨ ਸਾਂਭ-ਸਾਂਭ ਰੱਖੇ ਹਨ। ਹੋਰ ਤਾਂ ਹੋਰ ਉਨ੍ਹਾਂ ਨੇ ਲੱਕੜ ਦੀਆਂ ਨਿੱਕੀਆਂ-ਨਿੱਕੀਆਂ ਖੁਰਪੀਆਂ ਨਾਲ ਖੁਰਚ-ਖੁਰਚ ਕੇ ਜ਼ਮੀਨ ਹੇਠ ਦੱਬ ਚੁੱਕੇ ਪੁਰਾਣੇ ਮਕਾਨ, ਬਜ਼ਾਰ, ਸ਼ਹਿਰ ਆਦਿ ਵੀ ਪ੍ਰਗਟ ਕੀਤੇ ਹਨ ਤਾਂ ਕਿ ਆਪਣੇ ਮੁਰਸ਼ਦ ਦੇ ਉਸ ਮਾਹੌਲ ਵਿੱਚ ਪਹੁੰਚ ਸਕਣ। ਹਜ਼ਰਤ ਈਸਾ ਦੇ ਜਨਮ ਅਸਥਾਨ 'ਤੇ ਉਸ ਪੁਰਾਣੇ ਘਰ ਦੇ ਛੋਟੇ ਜਿਹੇ ਦਰਵਾਜ਼ੇ ਨੂੰ ਉਨ੍ਹਾਂ ਨੇ ਵੱਡਾ ਨਹੀਂ ਕੀਤਾ ਸਗੋਂ ਉਸ ਵਿੱਚੋਂ ਸਿਰ ਝੁਕਾ ਕੇ ਲੰਘਣ ਵਿੱਚ ਈਸਾਈ ਅੱਜ ਵੀ ਆਪਣੇ ਆਪ ਨੂੰ ਵਡਭਾਗੀ ਸਮਝਦੇ ਹਨ।

..................*ਚਲਦਾ*